ਪੰਜਾਬੀ ਯੂਨੀਵਰਸਿਟੀ,ਪਟਿਆਲਾ
(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)
ਪ੍ਰੈਕਟੀਕਲ ਸੈਕਸ਼ਨ

## ਅਤਿ ਜਰੂਰੀ ਸੂਚਨਾ

No. 2012/CE
Date:- 23/06/2020

ਪੰਜਾਬੀ ਯੂਨੀਵਰਸਿਟੀ, ਪਟਿਆਲਾ ਨਾਲ ਸਬੰਧਿਤ ਕਾਲਜਾਂ ਅਤੇ ਸਮੂਹ ਕੰਸਟੀਚਿਊਟ ਕਾਲਜਾਂ ਦੇ ਪ੍ਰਿੰਸੀਪਲ ਸਾਹਿਬਾਨ ਵਲੋਂ ਪ੍ਰੈਕਟੀਕਲ ਪ੍ਰੀਖਿਆਵਾਂ ਨੂੰ ਨਿਰਵਿਘਨ ਨੇਪਰੇ ਚੜਾਉਣ ਲਈ ਇਕ ਬੋਰਡ ਦਾ ਗਠਨ ਕੀਤਾ ਜਾਵੇਗਾ, ਜੋ ਕਿ ਪੰਜਾਬ ਸਰਕਾਰ ਵਲੋਂ ਮਹਾਂਮਾਰੀ ਕੋਵਿਡ-19 ਸਬੰਧੀ ਜਾਰੀ ਹਦਾਇਤਾਂ ਜਿਵੇਂ ਕਿ ਸੋਸ਼ਲ ਡਿਸਟੈਂਸਿੰਗ, ਸੈਨਿਟਾਇਜੇਸ਼ਨ ਆਦਿ ਦਾ ਪ੍ਰਬੰਧ ਕਰਨਗੇ।

ਇਹ ਪ੍ਰੈਕਟੀਕਲ ਪ੍ਰੀਖਿਆਵਾਂ 1 ਜੁਲਾਈ, 2020 ਤੋਂ ਸ਼ੁਰੂ ਹੋ ਰਹੀਆਂ ਹਨ (ਇਹ ਪ੍ਰੈਕਟੀਕਲ ਪ੍ਰੀਖਿਆਵਾਂ ਕੇਵਲ Out going ਸਮੈਸਟਰ ਲਈ ਹੀ ਹਨ)। ਯੂਨੀਵਰਸਿਟੀ ਵਲੋਂ ਜਾਰੀ ਪ੍ਰੈਕਟੀਕਲ ਦੀ ਡੇਟ-ਸ਼ੀਟ ਅਨੁਸਾਰ ਇਹ ਪ੍ਰੈਕਟੀਕਲ ਕਰਵਾਏ ਜਾਣਗੇ। ਪ੍ਰੈਕਟੀਕਲ ਪ੍ਰੀਖਿਆਵਾਂ ਲਈ ਪ੍ਰਸ਼ਨ ਪੱਤਰ ਕੰਟਰੋਲਰ ਪ੍ਰੀਖਿਆਵਾਂ ਵਲੋਂ ਨਿਯੁਕਤ ਪ੍ਰੈਕਟੀਕਲ ਪ੍ਰੀਖਿਅਕ (ਵਿਸ਼ਾ ਮਾਹਿਰ) ਲੋੜ ਅਨੁਸਾਰ ਮੌਕੇ ਤੇ ਸੈੱਟ ਕਰਨਗੇ (ਸਮਾਂ ਸੀਮਾ ਅੰਡਰ ਗ੍ਰੈਜੂਏਟ 2 ਘੰਟੇ ਅਤੇ ਪੋਸਟ ਗ੍ਰੈਜੂਏਟ 3 ਘੰਟੇ ਦੀ ਹੋਵੇਗੀ)। ਵਿਦਿਆਰਥੀਆਂ ਦੀ ਗਿਣਤੀ ਨੂੰ ਮੱਦੇਨਜ਼ਰ ਰੱਖਦੇ ਹੋਏ ਇਹ ਪ੍ਰੈਕਟੀਕਲ ਪ੍ਰੀਖਿਆਵਾਂ ਤਿੰਨ ਸੈਸ਼ਨਾਂ ਵਿਚ ਵੀ ਕਰਵਾਈਆਂ ਜਾ ਸਕਦੀਆਂ ਹਨ। ਪ੍ਰਿੰਸੀਪਲ ਅਤੇ ਵਿਸ਼ਾ ਮਾਹਿਰ ਆਪਸੀ ਸਹਿਯੋਗ ਨਾਲ ਇਹ ਪ੍ਰੈਕਟੀਕਲ ਪ੍ਰੀਖਿਆਵਾਂ ਦਾ ਕੰਮ ਸਮੇਂ ਸਿਰ ਨੇਪਰੇ ਚੜਾਉਣ ਉਪਰੰਤ ਅਵਾਰਡ ਲਿਸਟਾਂ ਯੂਨੀਵਰਸਿਟੀ ਦੇ ਪੋਰਟਲ ਤੇ ਅਪਲੋਡ ਕਰਨਗੇ।

ਕੰਟਰੋਲਰ ਪ੍ਰੀਖਿਆਵਾਂ ਵਲੋਂ ਨਿਯੁਕਤ ਪ੍ਰੈਕਟੀਕਲ ਪ੍ਰੀਖਿਅਕ (ਵਿਸ਼ਾ ਮਾਹਿਰ) ਇਸ ਡਿਊਟੀ ਨੂੰ ਅਤਿ ਜਰੂਰੀ ਸਮਝਣਗੇ। ਜੇਕਰ ਫਿਰ ਵੀ ਕਿਸੇ ਨਿਯੁਕਤ ਪ੍ਰੀਖਿਅਕ ਨੂੰ ਕੋਈ ਸਮੱਸਿਆ ਆਉਂਦੀ ਹੈ ਤਾਂ ਸਬੰਧਤ ਕਾਲਜ ਦਾ ਪ੍ਰਿੰਸੀਪਲ ਉਸ ਪ੍ਰੀਖਿਅਕ ਦੀ ਥਾਂ ਤੇ ਬਦਲਵਾਂ ਪ੍ਰਬੰਧ ਕਰਕੇ ਯੂਨੀਵਰਸਿਟੀ ਨੂੰ ਸੂਚਿਤ ਕਰਨਗੇ।

23/06/2020
ਕੰਟਰੋਲਰ (ਪ੍ਰੀਖਿਆਵਾਂ)